# ਦੂਲੇ ਪੰਥ ਦੇ ਦੂਲੇ ਵਿਦਵਾਨ

ਗੁਰਬਖਸ਼ ਸਿੰਘ ਕਾਲਾ ਅਫਗਾਨਾ ਨਾਲ ਜੇ ਦੋਸਤੀ ਨਹੀਂ ਤਾਂ ਦੁਸ਼ਮਨੀ ਵੀ ਨਹੀਂ।ਪੰਥ ਤਾਂ ਦੋਫਾੜ ਹੋਣਾ ਹੀ ਸੀ, ਭਾਵੇਂ ਕਾਲਾਅਫਗਾਨਾ ਜੀ ਦੀਆਂ ਪੁਸਤਕਾਂ ਪੜ੍ਹ ਕੇ ਹੋ ਜਾਂਦਾ, ਭਾਵੇਂ ਹੁਣ ਉਨ੍ਹਾਂ ਦੀਆਂ ਪੁਸਤਕਾਂ ਤੇ ਪਾਬੰਦੀ ਲਾਉਣ ਨਾਲ ਜਾਂ ਕਾਲਾਅਫਗਾਨਾ ਜੀ ਨੂੰ ਪੰਥ ਵਿਚੋਂ ਛੇਕਣ ਨਾਲ ਹੋਇਆ ਹੈ।ਜਿਸ ਵੇਲੇ ਕਾਲਾਅਫਗਾਨਾ ਜੀ ਅਕਾਲ ਤਖਤ ਤੋਂ ਸੇਧ ਮੰਗ ਰਹੇ ਸੀ, ਉਸ ਵੇਲੇ ਅਕਾਲ ਤਖਤ ਸਾਹਿਬ ਵੱਲੋਂ ਅਗਰ ਕੋਈ ਢੁੱਕਵਾਂ ਜੁਵਾਬ ਨਹੀਂ ਸੀ ਆਇਆ, ਤਾਂ ਕਾਲਾ ਅਫਗਾਨਾ ਜੀ ਨੂੰ ਗੁਰਤੇਜ ਸਿੰਘ ਹੋਰੀਂ ਹੀ ਸਮਝਾ ਦਿੰਦੇ, ਜਾਂ ਗੁਰਤੇਜ ਸਿੰਘ ਹੋਰੀਂ ਅਕਾਲ ਤਖਤ ਤੇ ਪਹੁੰਚ ਕਰਦੇ, ਤਾਂ ਕਿ ਕੋਈ ਹੱਲ ਲੱਭਿਆ ਜਾ ਸਕਦਾ।ਗੁਰਤੇਜ ਸਿੰਘ ਦੀ ਹੈਰਾਨੀ-ਜਨਕ ਆਮਦ ਦਾ ਪਤਾ ਬਹੁਤ ਦੇਰ ਬਾਅਦ ਲੱਗਾ ਹੈ।ਵੈਸੇ 'ਕਿਥੇ ਰਾਮ ਰਾਮ ਕਿੱਥੇ ਟੈਂ ਟੈਂ" ਦੀ ਹੁਣ ਸਮਝ ਆ ਗਈ।ਅਗਰ ਗੁਰਤੇਜ ਸਿੰਘ ਹੋਰੀਂ ਕਾਲਾ ਅਫਗਾਨਾ ਜੀ ਦੀਆਂ ਲਿਖਤਾਂ ਨਾਲ ਸਹਿਮਤ ਹਨ, ਤਾਂ ਉਹ ਆਪਣੇ ਹੀ ਸਿੰਘ-ਨਾਦ ਨੂੰ ਸੁਣਨ ਤੋਂ ਅਸਮਰੱਥ ਹਨ।ਕਿਸੇ ਦੀ ਜਗ੍ਹਾ ਕੋਈ ਹੋਰ ਜੁਵਾਬ-ਦੇਹ ਹੋਵੇ, ਇਹ ਭੀ ਇਸ ਯੁੱਗ ਦਾ ਧਰਮ ਨਹੀਂ, ਇਸ ਗੱਲ ਨੂੰ ਸਭ ਜਾਣਦੇ ਹਨ।

ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਵਿਚ ਜੇਬ ਕੱਟਣੀ, ਕੋਈ ਬਦਸਲੂਕੀ ਹੋ ਜਾਣੀ ਆਮ ਘਟਨਾਵਾਂ ਹਨ।ਕੀ ਇੰਨ੍ਹਾਂ ਗੱਲਾਂ ਨੂੰ ਸਾਹਮਣੇ ਰੱਖ ਕੇ ਕਿਹਾ ਜਾ ਸਕਦਾ ਹੈ, ਕਿ ਹਰਿਮੰਦਰ ਸਾਹਿਬ ਨੂੰ ਪੂਰ ਦਿੱਤਾ ਜਾਵੇ, ਤਾਂ ਕਿ ਇਹ ਘਟਨਾਵਾਂ ਨਾਂ ਹੋਣ।ਕਦਾਂਚਿਤ ਨਹੀਂ।ਇਸੇ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਕੁੱਝ ਪਰਬੰਧਕੀ ਕਮਜ਼ੋਰੀਆ ਹੋਣ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਤੋਂ ਸੱਖਣੀਆਂ ਕੁੱਝ ਸਮਾਜਿਕ ਕੁਰੀਤੀਆਂ ਪ੍ਰਚੱਲਤ ਹੋਣ ਤਾਂ ਇਹ ਕਦੇ ਭੀ ਨਹੀਂ ਮੰਨਿਆਂ ਜਾ ਸਕਦਾ, ਕਿ ਇਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਦੋਸ਼ ਹੈ।ਦੋਸ਼ ਸਾਡੇ ਆਪਣੇ ਹਨ, ਕਮਜ਼ੋਰੀਆਂ ਸਾਡੀਆਂ ਹਨ।ਸਿੱਖਾਂ ਵਿਚ ਕਮਜ਼ੋਰੀਆਂ ਬਹੁਤ ਹਨ, ਪਰ ਸਿੱਖੀ ਵਿਚ ਕੋਈ ਊਣਤਾਈ ਨਹੀਂ।ਵਿਅਕਤੀਗਤ ਕਮਜ਼ੋਰੀਆਂ ਨੂੰ ਅੱਗੇ ਰੱਖ ਕੇ ਸਿੱਖ ਸਿਧਾਂਤਾਂ, ਅੰਮ੍ਰਿਤ, ਨਿਤਨੇਮ, ਮਰਿਯਾਦਾ, ਅਤੇ ਤੌਰ ਤਰੀਕਿਆਂ ਨੂੰ ਹੀ ਖਤਮ ਕਰਨਾਂ ਇਹ ਕਿਹੜੇ ਪੰਥ ਦੀ ਪ੍ਰਚਾਰ-ਵਿਧੀ ਹੈ ਜੀ।

ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਗੁਰੂ ਗ੍ਰੰਥ, ਗੁਰੂ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰੌੜਤਾ ਲਈ ਪ੍ਰਚਾਰ ਕਰਨ ਨੂੰ ਗੁਰ-ਸੇਵਾ ਕਿਹਾ ਜਾਂਦਾ ਹੈ।ਹੁਣ ਭੀ ਕੋਈ ਪਰਲੋ ਤਾਂ ਆ ਨਹੀਂ ਗਈ।ਭੁੱਲ ਬਖਸ਼ਾ ਕੇ ਸੇਵਾ ਲੈ ਲੈਣੀ ਕੋਈ ਬਹੁਤੀ ਵੱਡੀ ਮੁਸ਼ਕਲ ਨਹੀਂ, ਅਗਰ ਸਿੱਖੀ ਜਜ਼ਬਾ ਮਨ ਵਿਚ ਹੈ ਤਾਂ।ਗੁਰੂ ਸੁਮੱਤ ਬਖਸ਼ੇ।

ਜਿੰਨ੍ਹਾਂ ਸੱਜਣਾਂ ਨੇ ਗੁਰ-ਗ੍ਰੰਥ ਸਾਹਿਬ ਜੀ ਦਾ ਖੁਦ ਅਧਿਐਨ ਨਹੀਂ ਕੀਤਾ, ਦਸਮ-ਗ੍ਰੰਥ ਬਾਰੇ ਕੋਈ ਜਾਣਕਾਰੀ ਨਹੀਂ, ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਨਹੀਂ ਪੜ੍ਹਿਆ, ਭਾਈ ਨੰਦ ਲਾਲ ਜੀ ਦੀ ਰਚਨਾਵਲੀ ਨਹੀਂ ਪੜ੍ਹੀ, ਗੁਰਬਖਸ਼ ਸਿੰਘ ਕਾਲਾਅਫਗਾਨਾ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਪ੍ਰਚਾਰੇ ਸਿਧਾਂਤਾਂ ਤੋਂ ਅਨਜਾਣ ਹਨ, (ਵੈਸੇ ਅਨਜਾਣ ਹੀ ਰਹਿਣ ਤਾਂ ਭਲਾ ਹੈ) ਗੁਰੂ-ਪੰਥ ਦੇ ਸਿਧਾਂਤ ਤੋਂ ਨਾ-ਵਾਕਿਫ ਹਨ, ਉਹ ਭਾਵੇਂ ਪੱਤਰਕਾਰ ਹਨ, ਉਚਿਆਂ ਅਹੁਦਿਆਂ ਤੇ ਬੈਠੇ ਹਨ, ਡਿਗਰੀਧਾਰੀ ਹਨ, ਵੈਬ ਸਾਈਟਾਂ ਦੇ ਮਾਸਟਰ ਹਨ, ਉਹ ਆਪੋ ਆਪਣੀ ਡੁਗਡੁਗੀ ਕਿਸ ਖੁਸ਼ੀ ਵਿਚ ਵਜਾ ਰਹੇ ਹਨ? ਇਸ ਤਰਾਂ ਧੜੇਬੰਦੀ ਪਾਲਣ ਵਿਚ ਪੰਥ ਦੀ ਕਿਹੜੀ ਸੇਵਾ ਹੈ?ਜਿਸਨੇ ਗਲਤ ਕੰਮ ਕੀਤਾ ਹੈ, ਉਹ ਆਪੇ ਜੁਵਾਬ ਦੇਹ ਹੈ, ਅਤੇ ਭੁਗਤਣਹਾਰ ਹੈ।ਹਰ ਵੇਲੇ ਤਾਂ ਕਹਿੰਦੇ ਹੋ, 'ਜੋ ਕਰੇਗਾ ਸੋ ਭਰੇਗਾ'।ਜੇ ਇਥੇ ਨਹੀਂ ਤਾਂ ਅਗਾਂਹ ਭੀ ਲੇਖਾ ਜੋਖਾ ਹੋਣਾ ਹੈ, ਇਸ ਗੱਲ ਵਿਚ ਹਰ ਸਿੱਖ ਯਕੀਨ ਰੱਖਦਾ ਹੈ।ਗੁਰੂ ਭਲੀ ਕਰੇ।

ਸਤਵਿੰਦਰਪਾਲ ਸਿੰਘ ਜੰਗੀ
ਜੁਲਾਈ 25, 2003